# ਪਾਇਰਜ਼ਿਨਮਾਈਡ (PYRAZINAMIDE)

## ਪਾਇਰਜ਼ਿਨਮਾਈਡ ਕੀ ਹੈ?

ਪਾਇਰਜ਼ਿਨਮਾਈਡ ਇਕ ਐਂਟੀਬਾਇਆਟਿਕ ਹੈ ਜਿਹੜਾ ਤਪਦਿਕ (ਟੀ.ਬੀ.) ਦੇ ਇਲਾਜ ਲਈ ਵਰਤਿਆ ਜਾਂਦਾ ਹੈ।

## ਮੈਂ ਇਸ ਦੁਆਈ ਨੂੰ ਕਦੋਂ ਲਵਾਂ?

- ਇਸ ਦੁਆਈ ਨੂੰ ਹਰ ਰੋਜ਼ ਓਸੇ ਵੇਲੇ ਲਓ।
  ਇਸ ਤਰ੍ਹਾਂ ਦੁਆਈ ਲੈਣੀ ਯਾਦ ਰਹੇਗੀ।

## ਮੈਂ ਇਸ ਦੁਆਈ ਨੂੰ ਕਿਵੇਂ ਲਵਾਂ?

- ਇਹ ਜ਼ਰੂਰੀ ਹੈ ਕਿ ਤੁਸੀਂ ਇਸ ਦੁਆਈ ਨੂੰ ਬਾਕਾਇਦਾ ਲਵੋ।
- ਜਿਵੇਂ ਤੁਹਾਡੇ ਡਾਕਟਰ ਨੇ ਕਿਹਾ ਹੈ ਓਵੇਂ ਲਵੋ।
- ਤੁਸੀਂ ਇਹ ਦੁਆਈ ਇਸਤਰ੍ਹਾਂ ਲੈਣੀ ਹੈ:
  - ❑ ਦੋ ਗੋਲੀਆਂ ਹਰ ਰੋਜ਼ ਇਕ ਵੇਲੇ।
  - ❑ ਹੋਰ: ________________________________________

## ਜੇ ਦੁਆਈ ਦੀ ਖੁਰਾਕ ਲੈਣੀ ਭੁੱਲ ਜਾਵਾਂ ਤਾਂ ਕੀ ਕਰਾਂ?

- ਜੇ ਦੁਆਈ ਦੀ ਖੁਰਾਕ ਭੁੱਲ ਜਾਵੋਂ ਤਾਂ ਜਦੋਂ ਯਾਦ ਆਵੇ ਉਸੇ ਵੇਲੇ ਲੈ ਲਵੋ ਪਰ ਜੇ ਉਸ ਵੇਲੇ ਤਕ ਅਗਲੇ ਦਿਨਦੀ ਖੁਰਾਕ ਲੈਣ ਦਾ ਤਕਰੀਬਨ ਸਮਾਂ ਹੋ ਗਿਆ ਹੈ ਤਾਂ ਭੁੱਲੀ ਹੋਈ ਖੁਰਾਕ ਨਾ ਲਵੋ।
- **ਦੁਗਣੀ ਖੁਰਾਕ ਨਾ ਲਵੋ।**

## ਕੀ ਕੋਈ ਐਸੀ ਚੀਜ਼ ਹੈ ਜਿਸਦਾ ਇਸ ਦੁਆਈ ਵੇਲੇ ਪਰਹੇਜ ਕਰਾਂ?

- ✗ ਸ਼ਰਾਬ

**ਜੇ ਤੁਸੀਂ ਕੋਈ ਹੋਰ ਦੁਆਈ ਲੈ ਰਹੇ ਹੋ ਤਾਂ ਆਪਣੇ ਡਾਕਟਰ ਅਤੇ ਫ਼ਾਰਮਸਿਸਟ ਨੂੰ ਦੱਸ ਦਿਓ, ਭਾਵੇ ਉਹ ਦੁਆਈਆਂ ਸਿੱਧੀਆਂ ਫ਼ਾਰਮੇਸੀ ਦੇ ਕਾਊਂਟਰ ਤੋਂ (ਨਾਨ-ਪ੍ਰੈਸਕ੍ਰਿਪਸ਼ਨ) ਲਈਆਂ ਹੋਣ।**

## ਇਸ ਦੁਆਈ ਦੇ ਕੁਝ ਸੰਭਵ ਗੌਣ ਪ੍ਰਭਾਵ (ਸਾਈਡ ਇਫੈਕਟਸ) ਕੀ ਹਨ?

**ਜੇ ਤੁਸੀਂ ਹੇਠ ਲਿਖੀਆਂ ਅਲਾਮਤਾਂ ਮਹਿਸੂਸ ਕਰਦੇ ਹੋ, ਤਾਂ ਦੁਆਈ ਲੈਣੀ ਛੱਡ ਦਿਓ ਤੇ ਆਪਣੇ ਡਾਕਟਰ ਜਾਂ ਨਰਸ ਨੂੰ, ਜਿਸਨੇ ਦੁਆਈ ਦਿੱਤੀ ਹੈ, ਫੌਰਨ ਇਤਲਾਹ ਦਿਓ:**

- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ
- ਭੁੱਖ ਨਾ ਲੱਗਣੀ
- ਜੀਅ ਕੱਚਾ ਹੋਣਾ (ਉਲਟੀ ਕਰਨ ਦੀ ਉਤੇਜਨਾ)
- ਪੇਟ ਵਿਚ ਗੜਬੜ ਜਾਂ ਮਰੋੜ ਉਠਣੇ
- ਕਾਲ਼ੇ ਰੰਗ ਦਾ ਪਿਸ਼ਾਬ
- ਚਮੜੀ ਜਾਂ ਅੱਖਾਂ ਦਾ ਪੀਲ਼ਾ ਹੋਣਾ
- ਜੋੜਾਂ ਵਿਚ ਦਰਦ ਜਾਂ ਸੋਜਸ਼
- ਖ਼ਾਰਸ਼ ਜਾਂ ਚਮੜੀ ਤੇ ਧੱਫੜ

**ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਦੇ ਦੱਸੇ ਹੋਏ ਸਾਰੇ ਲੈਬ ਟੈਸਟ ਪੂਰੇ ਕਰੋ।**

**ਜੇ ਤੁਸੀਂ ਗਰਭਵਤੀ ਹੋ ਜਾਂ ਹੋਣ ਬਾਰੇ ਯੋਜਨਾ ਬਣਾ ਰਹੇ ਹੋ, ਜਾਂ ਆਪਣੇ ਬੱਚੇ ਨੂੰ ਛਾਤੀਆਂ ਚੋਂ ਦੁੱਧ ਪਿਲਾਉਣਾ ਚਾਹੁੰਦੇ ਹੋ ਤਾਂ ਆਪਣੇ ਡਾਕਟਰ ਨੂੰ ਦੱਸ ਦੇਵੋ।**

## ਮੈਂ ਇਹ ਦੁਆਈ ਕਿੱਥੇ ਸੰਭਾਲਾਂ?

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਚਾਨਣ ਤੋਂ ਬਚਾਓ।
- ਗੋਲੀਆਂ: ਠੰਢੀ, ਸੁੱਕੀ ਥਾਂ ਵਿਚ ਅਤੇ ਕਮਰੇ ਦੇ ਤਾਪਮਾਨ ਤੇ ਰੱਖੋ।
- ਤਰਲ: ਫਰਿੱਜ ਵਿਚ ਰੱਖੋ। ਵਰਤਣ ਤੋਂ ਪਹਿਲਾਂ ਚੰਗੀ ਤਰ੍ਹਾਂ ਹਿਲਾ ਲਵੋ।

Health Centre/Unit Stamp:



Vaccine and Pharmacy Services
655 West 12th Avenue
Vancouver, British Columbia
Canada V5Z 4R4
Tel 604 707-2580
Fax 604 707-2583
www.bccdc.org

*A research and teaching centre affiliated with UBC*